National Research Journal of Social Sciences
Volume-11, Issue-1, January-June 2026
PP: 134-137

ISSN: 2348-473X
Peer Reviewed & Refereed Journal (IF: 6.74)
Journal Website: www.nrjss.in

# ਬਾਣੀ ਗੁਰੂ ਤੇਗ਼ ਬਹਾਦਰ ਜੀ: ਇਤਿਹਾਸਕ ਪ੍ਰਸੰਗ ਅਤੇ ਰਚਨਾਤਮਕ ਚੇਤਨਾ

**ਜਗਜੀਤ ਸਿੰਘ**

ਸਹਾਇਕ ਪ੍ਰੋਫ਼ੈਸਰ
ਪੰਜਾਬੀ ਨਵਾਬ ਜੱਸਾ ਸਿੰਘ ਆਹਲੂਵਾਲੀਆ ਸਰਕਾਰੀ ਕਾਲਜ, ਕਪੂਰਥਲਾ

**ਸਾਰੰਸ਼:**

ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਮੱਧਕਾਲੀ ਸਮਾਜ ਦੀ ਮਹੱਤਵਪੂਰਨ ਟੈਕਸਟ ਹੈ। ਇਹ ਬਾਣੀ ਉਸ ਇਤਿਹਾਸਕ ਦੌਰ ਵਿੱਚ ਰਚੀ ਗਈ, ਜਦੋਂ ਭਾਰਤੀ ਸਮਾਜ ਰਾਜਨੀਤਿਕ ਦਬਾਅ, ਧਾਰਮਿਕ ਅਸਹਿਣਸ਼ੀਲਤਾ ਅਤੇ ਮਨੁੱਖੀ ਅਸੁਰੱਖਿਆ ਦੇ ਗੰਭੀਰ ਸੰਕਟਾਂ ਨਾਲ ਜੂਝ ਰਿਹਾ ਸੀ। ਕੋਈ ਵੀ ਵਿਚਾਰ ਖਲਾਅ ਵਿਚੋਂ ਪੈਦਾ ਨਹੀਂ ਹੁੰਦਾ। ਸਮਾਜਕ, ਰਾਜਨੀਤਕ ਅਤੇ ਸਭਿਆਚਾਰਕ ਹਾਲਾਤ ਉਸ ਦੇ ਵਜੂਦ ਲਈ ਬੁਨਿਆਦ ਬਣਦੇ ਹਨ। ਇਸੇ ਨੁਕਤੇ ਦੀ ਲੋ ਵਿਚ ਸਾਡਾ ਇਸ ਖੋਜ ਪੱਤਰ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਦੇ ਇਤਿਹਾਸਕ ਪ੍ਰਸੰਗ ਨੂੰ ਸਮਝਦੇ ਹੋਏ, ਉਹਨਾਂ ਦੀ ਰਚਨਾਤਮਕ ਚੇਤਨਾ ਦਾ ਵਿਸ਼ਲੇਸ਼ਣ ਕਰਨ ਵੱਲ ਰੁਚਿਤ ਹੈ। ਇਹ ਅਧਿਐਨ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਦੇ ਅਧਿਆਤਮਕ ਉਪਦੇਸ਼ ਮਾਤਰ ਹੋਣ ਤੋਂ ਅਗਾਂਹ ਇਤਿਹਾਸਕ ਪ੍ਰਸਥਿਤੀਆਂ ਦੇ ਪ੍ਰਸੰਗ ਵਿਚ ਉਹਨਾਂ ਦੀ ਬਾਣੀ ਨੂੰ ਵਿਚਾਰਨ ਨਾਲ ਸੰਬੰਧਿਤ ਹੈ। ਗੁਰੂ ਤੇਗ ਬਹਾਦਰ ਜੀ ਦੀ ਬਾਣੀ ਮਨੁੱਖੀ ਅਧਿਕਾਰਾਂ, ਭੈ ਰਹਿਤ ਜੀਵਨ ਅਤੇ ਆਤਮਿਕ ਆਜ਼ਾਦੀ ਦੀ ਅਭਿਵਿਅਕਤੀ ਹੈ। ਇਸ ਤਰ੍ਹਾਂ ਇਹ ਬਾਣੀ ਇਤਿਹਾਸਕ ਸੰਕਟਾਂ ਦੌਰਾਨ ਉੱਭਰੀ ਰਚਨਾਤਮਕ ਚੇਤਨਾ ਨੂੰ ਪ੍ਰਤਿਬਿੰਬਤ ਕਰਦੀ ਹੈ, ਜੋ ਆਧੁਨਿਕ ਸਮਾਜ ਲਈ ਵੀ ਖਾਸ ਮਹੱਤਵ ਰੱਖਦੀ ਹੈ।

**ਕੁੰਜੀ ਸ਼ਬਦ**: ਗੁਰਬਾਣੀ, ਗੁਰਮਤ ਦਰਸ਼ਨ, ਸਿੱਧ-ਨਾਥ-ਸੰਤ ਪਰੰਪਰਾ, ਵੈਰਾਗ, ਬੇਗਾਨਗੀ, ਅਧਿਆਤਮ, ਰਹੱਸਵਾਦ

ਬਾਣੀ ਗੁਰੂ ਤੇਗ਼ ਬਹਾਦਰ ਜੀ: ਇਤਿਹਾਸਕ ਪ੍ਰਸੰਗ ਅਤੇ ਰਚਨਾਤਮਕ ਚੇਤਨਾ

ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਮੱਧਕਾਲੀ ਭਾਰਤੀ ਸਮਾਜ ਦੀ ਮਹੱਤਵਪੂਰਨ ਰਚਨਾ ਹੈ। ਭਾਵੇਂ ਕਿ ਗੁਰਬਾਣੀ ਨੂੰ ਧਾਰਮਿਕ ਵਿਸ਼ਵਾਸ ਦੀ ਵਸਤੂ ਪ੍ਰਵਾਨ ਕੀਤਾ ਜਾਂਦਾ ਹੈ ਪਰ ਸਾਹਿਤ ਦੇ ਸੁਚੇਤ ਪਾਠਕ ਲਈ ਗੁਰਬਾਣੀ ਇਕ ਉੱਤਮ ਕਾਵਿ-ਰਚਨਾ ਵੀ ਹੈ। ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਗਿਣਾਤਮਕ ਪੱਖੋਂ ਬਹੁਤੀ ਜ਼ਿਆਦਾ ਨਾ ਹੋਣ ਦੇ ਬਾਵਜੂਦ ਵਿਸ਼ੇਸ਼ ਮਹੱਤਵ ਦੀ ਧਾਰਨੀ ਹੈ। ਆਪ ਜੀ ਦੇ 59 ਪਦੇ ਅਤੇ 57 ਸ਼ਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ। ਇਹ ਬਾਣੀ ਉਸ ਇਤਿਹਾਸਕ ਦੌਰ ਵਿੱਚ ਰਚੀ ਗਈ ਜਦੋਂ ਭਾਰਤੀ ਸਮਾਜ ਧਾਰਮਿਕ ਦਬਾਅ, ਰਾਜਨੀਤਿਕ ਅਨਿਆਂ ਅਤੇ ਆਤਮਿਕ ਸੰਕਟਾਂ ਨਾਲ ਘਿਰਿਆ ਹੋਇਆ ਸੀ। ਇਹ ਬਾਣੀ ਇਸ ਸੰਕਟ ਸਮੇਂ ਵਿਚ ਮਨੁੱਖ ਨੂੰ ਸਹੀ ਮਾਰਗ ਵੱਲ ਸੇਧਿਤ ਕਰਨ ਵਿਚ ਨਿਰਣਾਇਕ ਭੂਮਿਕਾ ਨਿਭਾਉਂਦੀ ਹੈ। ਹਥਲਾ ਖੋਜ-ਪੱਤਰ ਬੁਨਿਆਦੀ ਤੌਰ ’ਤੇ ਦੋ ਭਾਗਾਂ ਵਿਚ ਵੰਡਿਆ ਹੋਇਆ ਹੈ। ਪਹਿਲਾ ਭਾਗ, ਗੁਰੂ ਤੇਗ਼ ਬਹਾਦਰ ਜੀ ਦੁਆਰਾ ਰਚਿਤ ਬਾਣੀ ਦੇ ਇਤਿਹਾਸਕ ਪ੍ਰਸੰਗ ਨੂੰ ਉਘਾੜਨ ਨਾਲ ਸੰਬੰਧਿਤ ਹੈ ਅਤੇ ਦੂਸਰਾ, ਉਹਨਾਂ ਦੀ ਰਚਨਾਤਮਕ ਚੇਤਨਾ ਅਤੇ ਦਾਰਸ਼ਨਿਕ ਦ੍ਰਿਸ਼ਟੀ ਦਾ ਵਿਸ਼ਲੇਸ਼ਣ ਪੇਸ਼ ਕਰਨ ਨਾਲ ਸੰਬੰਧਿਤ ਹੈ।

ਗੁਰੂ ਅਰਜਨ ਦੇਵ ਜੀ ਦੁਆਰਾ 1604 ਈਸਵੀ ਵਿੱਚ ਆਦਿ ਗ੍ਰੰਥ ਦੀ ਸਥਾਪਨਾ ਕਰਨਾ ਅਜਿਹੀ ਇਤਿਹਾਸਕ ਘਟਨਾ ਹੈ ਜਿਸ ਨਾਲ ਗੁਰਮਤ ਦਰਸ਼ਨ ਇੱਕ ਵਿਧੀਵਤ ਰੂਪ ਪ੍ਰਾਪਤ ਕਰਦਾ ਹੈ। ਬਾਅਦ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਨੂੰ ਵੀ ਸ਼ਾਮਿਲ ਕਰਕੇ ਆਦਿ ਗ੍ਰੰਥ ਨੂੰ ਵਿਸਥਾਰ ਦਿੱਤਾ ਅਤੇ ਗੁਰੂ ਗ੍ਰੰਥ ਸਾਹਿਬ ਨੂੰ ਇੱਕ ਜੀਵਨ ਦ੍ਰਿਸ਼ਟੀਕੋਣ ਅਤੇ ਵਿਚਾਰਧਾਰਕ ਸ਼ਾਸਤਰ ਵਜੋਂ ਪਰਿਪੱਕ ਕਰ ਦਿੱਤਾ। ਇਸ ਦ੍ਰਿਸ਼ਟੀਕੋਣ ਤੋਂ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਦੀ ਮਹੱਤਤਾ ਸਹਿਜੇ ਹੀ ਅਗਰਭੂਮੀ ਵਿਚ ਆ ਜਾਂਦੀ ਹੈ।

ਗੁਰੂ ਤੇਗ਼ ਬਹਾਦਰ ਜੀ ਦੇ ਸ਼ਲੋਕਾਂ ਦੇ ਰਚਨ ਬਾਰੇ ਸਿੱਖ ਰਵਾਇਤ ਵਿਚ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਇਹ ਸਲੋਕ ਗੁਰੂ ਸਾਹਿਬ ਨੇ ਆਪਣੇ ਬੰਦੀਵਾਨ ਹੋਣ ਸਮੇਂ ਦਿੱਲੀ ਵਿਚ ਵੈਰਾਗਮਈ ਅਤੇ ਉਦਾਸਮਈ ਅਵਸਥਾ ਵਿਚ ਰਚੇ। ਇਸ ਤੱਥ ਤੋਂ ਇਨਕਾਰੀ ਨਹੀਂ ਹੋਇਆ ਜਾ ਸਕਦਾ ਕਿ ਗੁਰੂ ਤੇਗ਼ ਬਹਾਦਰ ਜੀ ਦਾ ਸੰਬੰਧ ਮੁਗ਼ਲ ਸਲਤਨਤ ਨਾਲ ਸਹਿਜ ਜਾਂ ਸੁਖਾਵਾਂ ਨਹੀਂ ਸੀ ਬਲਕਿ ਤਣਾਉ ਅਤੇ ਵੰਗਾਰ ਭਰਪੂਰ ਸੀ ਪਰ ਇਹ ਵੈਰਾਗਮਈ ਸ਼ਲੋਕ ਜਬਰ ਅਤੇ ਕਈ ਪ੍ਰਕਾਰ ਦੇ ਦਬਾਵਾਂ ਵਾਲੀਆਂ ਇਤਿਹਾਸਕ ਪ੍ਰਸਥਿਤੀਆਂ ਦੀ ਉਪਜ ਹਨ। ਡਾ. ਸੁਰਜੀਤ ਹਾਂਸ, ਗੁਰੂ ਤੇਗ਼ ਬਹਾਦਰ ਜੀ ਦੇ ਸ਼ਲੋਕਾਂ ਦੇ ਰਚਨ ਸੰਬੰਧੀ ਆਖਦੇ ਹਨ ਕਿ, “ਸਲੋਕ ਸ਼ਹੀਦੀ ਦੀ ਉਡੀਕ ਵਿਚ ਲਿਖੇ ਗਏ ਹਨ। ਉਹਨਾਂ ਵਿਚ ਗੁਰੂ ਤੇਗ਼ ਬਹਾਦਰ ਸ਼ਹੀਦੀ ਸਾਕੇ ਦਾ ਭਵਿਸ਼-ਅਨੁਭਵ (anticipation) ਕਰਦੇ ਹਨ। ਉਹ ਇਸੇ ਭਵਿਸ਼-ਅਨੁਭਵ ਦੇ ਦ੍ਰਿਸ਼ਟੀਕੋਨ ਤੋਂ ਕਈ ਗੱਲਾਂ ਕਹਿੰਦੇ ਹਨ, ਜਿਹਨਾਂ ਦਾ ਉਹਨਾਂ ਨੂੰ ਸੰਸਾ ਸੀ ਕਿ ਇੰਜ ਹੋ ਸਕਦੀਆਂ ਹਨ, ਪਰ ਉਹਨਾਂ ਦੇ ਪੈਰੋਕਾਰ ਉਹਨਾਂ ਦੇ ਭਵਿਸ਼-ਅਨੁਭਵ ਤੋਂ ਵੱਧ ਪੂਰੇ ਉਤਰੇ। ਇਹ ਗ਼ਲਤ ਹੈ ਕਿ ਗੁਰੂ ਸਾਹਿਬ ਨੇ ਸ਼ਲੋਕ ਸ਼ਹੀਦੀ ਦੇ ਮੌਕੇ ਤੇ ਲਿਖੇ ਸਨ।”[1] ਕੋਈ ਵੀ ਸਾਹਿਤਕਾਰ ਸਾਹਿਤ ਰਚਨਾ ਸਮੇਂ ਸੁਚੇਤ ਜਾਂ ਅਚੇਤ ਤੌਰ ’ਤੇ ਪੂਰਬਲੀਆਂ ਸਾਹਿਤ-ਵਿਧੀਆਂ ਨੂੰ ਅਪਣਾਉਂਦਾ ਹੈ ਅਤੇ ਉਹਨਾਂ ਨੂੰ ਨਵੀਂਆਂ ਪ੍ਰਗਟਾਅ-ਵਿਧੀਆਂ ਅਤੇ ਸ਼ੈਲੀਆਂ ਰਾਹੀਂ ਬਿਆਨਦਾ ਹੈ। ਮਿਸਾਲ ਵਜੋਂ ਜਿਸ ਤਰ੍ਹਾਂ ਗੁਰਬਾਣੀ ਦਾ ਆਧਾਰ ਸਿੱਧ-ਨਾਥ-ਸੰਤ ਪਰੰਪਰਾ ਬਣਦੀ ਹੈ, ਉਸੇ ਤਰ੍ਹਾਂ ਹੀ ਗੁਰੂ ਤੇਗ਼ ਬਹਾਦਰ ਬਾਣੀ ਦਾ ਆਧਾਰ ਗੁਰਬਾਣੀ/ਗੁਰਮਤ ਦਰਸ਼ਨ ਬਣਦਾ ਹੈ। ਗੁਰੂ ਤੇਗ਼ ਬਹਾਦਰ ਜੀ ਦੀ ਰਚਨਾ ਵਿੱਚ ਵਿਅਕਤ ਹੋਏ ਵਿਚਾਰ ਗੁਰਮਤਿ ਵਿਚਾਰਧਾਰਾ ਦੀ ਲੜੀ ਦੇ ਹੀ ਹਨ। ਇਸ ਦੇ ਬਾਵਜੂਦ ਗੁਰੂ ਤੇਗ਼ ਬਹਾਦਰ ਬਾਣੀ ਦੀ ਵਿਲੱਖਣਤਾ ਉਹਨਾਂ ਦੀਆਂ ਪ੍ਰਗਟਾਉ-ਜੁਗਤਾਂ ਵਿਚੋਂ ਪਛਾਣੀ ਜਾ ਸਕਦੀ ਹੈ। ਡਾ. ਹਰਿਭਜਨ ਸਿੰਘ ਨੇ ਇਸ ਵਿਲੱਖਣਤਾ ਨੂੰ ਰੂਪਕ ਅਤੇ


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

ਉਪਮਾਨ ਦੀ ਵਰਤੋਂ ਦੇ ਸੰਬੰਧ ਵਿਚ ਪਛਾਣਿਆ ਹੈ।[2] ਇਸ ਵਿਲੱਖਣਤਾ ਅਤੇ ਇਤਿਹਾਸਿਕ ਪ੍ਰਸੰਗ ਦਾ ਅਗਲਾ ਪਹਿਲੂ ਗੁਰੂ ਤੇਗ਼ ਬਹਾਦਰ ਜੀ ਦਾ ਬਾਣੀ-ਰਚਨਾ ਲਈ ਜੈਜਾਵੰਤੀ ਰਾਗ ਦੀ ਵਰਤੋਂ ਕਰਨਾ ਹੈ। ਜੈਜਾਵੰਤੀ ਰਾਗ ਵਿੱਚ ਹੋਰ ਕਿਸੇ ਵੀ ਗੁਰੂ ਸਾਹਿਬ ਦੀ ਬਾਣੀ ਨਹੀਂ ਹੈ। "ਇਹ ਰਾਗ ਵਿਸ਼ੇਸ਼ ਕਰਕੇ ਰਾਜਪੂਤੀ ਰਾਗ ਹੈ ਅਤੇ ਇਸ ਦੀ ਧੁੰਨ ਬੀਰ-ਰਸੀ ਹੈ। ਰਾਜਪੂਤਾਂ ਵਿੱਚ ਇਹ ਲੜਾਈ ਦੇ ਸਮੇਂ ਗਾਇਆ ਜਾਂਦਾ ਸੀ। ਗੁਰੂ ਤੇਗ਼ ਬਹਾਦਰ ਜੀ ਨੇ ਕਈ ਮਹੀਨੇ ਅੰਬੇਰਪਤੀ ਰਾਜਾ ਰਾਮ ਸਿੰਘ ਤੇ ਉਸਦੀ ਰਾਜਪੂਤੀ ਸੈਨਾ ਦੇ ਕੈਂਪ ਵਿੱਚ ਗੁਜ਼ਾਰੇ ਸਨ।"[3] ਗੁਰੂ ਸਾਹਿਬ ਦੁਆਰਾ ਬਾਣੀ ਰਚਨਾ ਲਈ ਸੁਚੇਤ ਰੂਪ ਵਿਚ ਬੀਰ ਰਸੀ ਰਾਗ ਦੀ ਵਰਤੋਂ ਕੀਤੀ ਗਈ ਹੈ। ਇਸ ਰਾਗ ਵਿਚ ਰਚੀ ਬਾਣੀ ਰਾਹੀਂ ਗੁਰੂ ਸਾਹਿਬ ਦਹਿਸ਼ਤ ਅਤੇ ਦਮਨ ਦਾ ਮੁਕਾਬਲਾ ਕਰਨ ਲਈ ਪ੍ਰੇਰਿਤ ਕਰਦੇ ਹਨ। ਉਹ ਸਾਡੇ ਸਾਹਮਣੇ ਨਿਰਭਉਤਾ ਦਾ ਮਾਡਲ ਪੇਸ਼ ਕਰਨ ਦੇ ਨਾਲ ਨਾਲ ਭੈ ਮੁਕਤ ਹੋ ਕੇ ਜੀਊਣ ਦਾ ਆਦਰਸ਼ ਪੇਸ਼ ਕਰਦੇ ਹਨ। ਇਸ ਤਰ੍ਹਾਂ ਇਹਨਾਂ ਇਤਿਹਾਸਿਕ ਪ੍ਰਸਥਿਤੀਆਂ ਦੇ ਪ੍ਰਸੰਗ ਵਿੱਚ ਹੀ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਨੂੰ ਸਮਝਣ ਦੀ ਜ਼ਰੂਰਤ ਹੈ।[2]

ਗੁਰੂ ਤੇਗ਼ ਬਹਾਦਰ ਜੀ ਨੇ ਆਪਣੀ ਬਾਣੀ ਰਾਹੀਂ ਬੇਵੱਸ ਅਤੇ ਭਟਕ ਰਹੀ ਆਮ ਲੋਕਾਈ ਨੂੰ ਉਮੀਦ ਅਤੇ ਹਿੰਮਤ ਬਣਾਈ ਰੱਖਣ ਦਾ ਸੰਦੇਸ਼ ਦਿੱਤਾ। ਉਹਨਾਂ ਨੇ ਦੱਬੇ ਕੁਚਲੇ ਲੋਕਾਂ ਨੂੰ ਨਿਰਭੈ ਹੋ ਕੇ ਜ਼ੁਲਮ ਨਾਲ ਟੱਕਰ ਲੈਣ ਦਾ ਹੌਂਸਲਾ ਪ੍ਰਦਾਨ ਕੀਤਾ। ਉਹਨਾਂ ਦੀ ਬਾਣੀ ਵਿਚ ਨਾਮ ਦੀ ਮਹੱਤਤਾ, ਸੰਸਾਰ ਦੀ ਨਾਸ਼ਮਾਨਤਾ, ਵੈਰਾਗ ਅਤੇ ਸਦਾਚਾਰਕ ਕਦਰਾਂ ਕੀਮਤਾਂ ਨੂੰ ਅਪਨਾਉਣ ਦਾ ਸੰਦੇਸ਼ ਜਿਹੇ ਵਿਚਾਰ ਉਘੜਵੇਂ ਰੂਪ ਵਿਚ ਪੇਸ਼ ਹੋਏ ਹਨ। ਵਿਸ਼ਵੀਕਰਨ ਦੇ ਅਜੋਕੇ ਦੌਰ ਵਿਚ ਮਨੁੱਖ ਬਜ਼ਾਰ ਦੀ ਚਕਾਚੌਂਦ ਵਿਚ ਪੂਰੀ ਤਰ੍ਹਾਂ ਗ੍ਰਸਿਆ ਹੋਇਆ ਹੈ। ਇਸ ਸਥਿਤੀ ਨਾਲ ਦੋ ਚਾਰ ਹੁੰਦਾ ਹੋਇਆ ਉਹ ਹਰ ਤਰ੍ਹਾਂ ਨਾਲ ਬੇਗਾਨਗੀ (Alination) ਹੰਢਾ ਰਿਹਾ ਹੈ। ਮਨੁੱਖ ਮਾਨਵਤਾ ਜਿਹੀ ਮੂਲ ਭਾਵਨਾ ਤੋਂ ਵੀ ਵਿਯੋਗਿਆ ਹੋਇਆ ਅਨੁਭਵ ਕਰਦਾ ਹੈ। ਇਸ ਲਿਹਾਜ਼ ਨਾਲ ਇਹ ਵਿਚਾਰ ਅਜੋਕੇ ਸਮਾਜਕ ਪਰਿਦ੍ਰਿਸ਼ ਵਿਚ ਹੋਰ ਵੀ ਪ੍ਰਸੰਗਿਕ ਬਣ ਜਾਂਦੇ ਹਨ।

ਗੁਰਬਾਣੀ ਨੂੰ ਆਮ ਕਰਕੇ ਅਧਿਆਤਮ ਅਤੇ ਰਹੱਸਵਾਦ ਨਾਲ ਸੰਬੰਧਿਤ ਕੀਤਾ ਜਾਂਦਾ ਹੈ ਪਰ "ਅਧਿਆਤਮਕਤਾ ਦੀ ਆਪਣੀ ਸਮਾਜਿਕਤਾ ਹੁੰਦੀ ਹੈ ਜਿਹੜੀ ਮਨੁੱਖੀ ਅੰਤਰਮਨ ਵਿੱਚ ਉਹ ਬੀਜ ਬੀਜਦੀ ਹੈ ਜਿਸ ਦੇ ਅਰਥ ਰਾਜਨੀਤਕ ਅਤੇ ਵਿਚਾਰਧਾਰਕ ਹੁੰਦੇ ਹਨ।... ਅਧਿਆਤਮਕਤਾ ਮਨੁੱਖ ਨੂੰ ਅਜਿਹੇ ਸੰਸਾਰ ਤੋਂ ਸੁਚੇਤ ਕਰਦੀ ਹੈ ਜੋ ਉਸਨੂੰ ਉਹ ਮਾਨਵ ਬਣਾਉਂਦਾ ਹੈ ਅਤੇ ਉਸਦੇ ਸਮਾਨੰਤਰ ਅਜਿਹੀਆਂ ਕਦਰਾਂ ਕੀਮਤਾਂ ਦੀ ਸਿਰਜਣਾ ਕਰਦੀ ਹੈ ਜਿਹੜੀਆਂ ਉਸ ਨੂੰ ਮਾਨਵ ਬਣਾਉਣ ਲਈ ਕਿਰਿਆਸ਼ੀਲ ਹੁੰਦੀਆਂ ਹਨ।"[4] ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਵਰਗੀਆਂ ਪ੍ਰਵਿਰਤੀਆਂ ਦੀ ਜਕੜ ਵਿਚ ਫਸਿਆ ਮਨੁੱਖ 'ਬੰਧਨ' ਦਾ ਜੀਵਨ ਜਿਊਂਦਾ ਹੈ। ਉਹ ਮਾਇਆ ਦੇ ਬੰਧਨਾਂ ਅੱਗੇ ਬੇਵੱਸ ਹੁੰਦਾ ਹੈ। ਗੁਰੂ ਤੇਗ਼ ਬਹਾਦਰ ਜੀ ਇਸ ਸਥਿਤੀ ਦਾ ਉਲੇਖ ਇਸ ਤਰ੍ਹਾਂ ਕਰਦੇ ਹਨ;

ਬਲੁ ਛੁਟਕਿਓ ਬੰਧਨ ਪਰੇ ਕਛੂ ਨ ਹੋਤ ਉਪਾਇ ।।

ਕਹੁ ਨਾਨਕ ਅਬ ਓਟ ਹਰਿ ਗਜ ਜਿਉ ਹੋਹੁ ਸਹਾਇ ।। (ਦੋਹਰਾ ਮਹਲਾ ੯)

ਮਾਇਆ ਤੰਤਰ ਵਿਚ ਗ੍ਰਸਿਆ ਮਨੁੱਖ 'ਬਲਹੀਨ' ਜਾਂ ਨਿਸ਼ਕਿਰਿਆ ਹੋ ਜਾਂਦਾ ਹੈ। ਬ੍ਰਹਮ ਕੇਂਦਰਿਤ ਜਾਂ ਗੁਰਮੁਖ ਹੀ ਮਾਇਆ ਤੰਤਰ ਤੋਂ ਉਪਰ ਉੱਠ ਸਕਦਾ ਹੈ। "ਗੁਰੂ ਤੇਗ਼ ਬਹਾਦਰ ਦੀ ਬਾਣੀ ਵਿੱਚ ਵਾਸ਼ਨਾਵਾਂ, ਭੋਗ ਅਤੇ ਲੋਭ ਦਾ ਵਿਚਾਰਧਾਰਕ ਪ੍ਰਸੰਗ ਬਹੁਤ ਮਹੱਤਤਾ ਵਾਲਾ ਹੈ ਕਿਉਂਕਿ ਇਹ ਵਾਸ਼ਨਾਵਾਂ, ਭੋਗ ਅਤੇ ਲੋਭ ਸਥਾਪਤੀ ਅਤੇ ਸੱਤਾ ਨੇ ਸਮੁੱਚੀ ਸਮਾਜਕਤਾ ਵਿੱਚ ਫੈਲਾ ਕੇ ਮਨੁੱਖ ਨੂੰ ਮਨੁੱਖ ਨਹੀਂ ਬਣ ਦਿੱਤਾ ਸਗੋਂ ਭੋਗੀ, ਲੋਭੀ, ਕਾਮੀ ਆਦਿ ਬਣਾ ਕੇ ਉਸ ਅੰਦਰੋਂ ਮਨੁੱਖੀ ਗੁਣਾਂ ਨੂੰ ਖਾਰਜ ਕਰ ਦਿੱਤਾ ਹੈ।... ਇਸ ਆਚਰਣਹੀਣਤਾ ਨੇ ਮਨੁੱਖ ਨੂੰ ਅਮਾਨਵ (Dehumanised) ਬਣਾ ਦਿੱਤਾ ਹੈ। ਇਸ ਅਮਾਨਵੀਕਰਨ ਦੀ ਪ੍ਰਕਿਰਿਆ ਤੋਂ ਮੋੜ ਕੇ ਮਨੁੱਖ ਨੂੰ ਮਨੁੱਖ (Humanised) ਬਣਾਉਣਾ ਗੁਰਬਾਣੀ ਦਾ ਪਰਮ ਲਕਸ਼ ਹੈ। ਗੁਰੂ ਤੇਗ਼ ਬਹਾਦਰ ਦੀ ਬਾਣੀ ਸੂਖਮ ਰੂਪ ਵਿੱਚ ਇਹ ਵਿਚਾਰਧਾਰਕ ਕਾਰਜ ਕਰ ਰਹੀ ਹੈ।"[5]

ਸਾਧੋ ਮਨ ਕਾ ਮਾਨੁ ਤਿਆਗਿਉ ।।

ਕਾਮੁ ਕ੍ਰੋਧ ਸੰਗਤਿ ਦੁਰਜਨ ਕੀ

ਤਾ ਤੇ ਅਹਿਨਸ ਭਾਗਉ ।। ੨ ।। ਰਹਾਉ ।।

ਸੁਖੁ ਦੁਖੁ ਦੋਨੋ ਸਮ ਕਰਿ ਜਾਨੈ

ਅਉਰੁ ਮਾਨੁ ਅਪਮਾਨਾ ।।

ਹਰਖ ਸੋਗ ਤੇ ਰਹੈ ਅਤੀਤਾ

ਤਿਨਿ ਜਗਿ ਤਤੁ ਪਛਾਨਾ ।। ੨ ।।

ਉਸਤਤਿ ਨਿੰਦਾ ਦੋਊ ਤਿਆਗੈ

ਖੋਜੈ ਪਦੁ ਨਿਰਬਾਨਾ

ਜਨੁ ਨਾਨਕ ਕਿਹੁ ਖੇਲੁ ਕਠਨੁ ਹੈ


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

ਕਿਨਹੂੰ ਗੁਰਮੁਖਿ ਜਾਨਾ ।। ੨ ।। (ਰਾਗ ਗਉੜੀ, ਮਹਲਾ ੯)

ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਇਸ ਬਲਹੀਨ ਜਾਂ ਬੰਧਨ ਮੁਕਤ ਸਥਿਤੀ ਵਿਚੋਂ ਨਿਕਲਣ ਲਈ ਮਨ ਸਾਧ ਕੇ ਨਾਮ ਸੰਗ ਰਹਿਣ ਦਾ ਗੁਰਮਤਿ ਸੰਦੇਸ਼ ਦਿੰਦੀ ਹੈ;

ਬਲੁ ਹੋਆ ਬੰਧਨ ਛੁਟੇ ਸਭ ਕਿਛੁ ਹੋਤ ਉਪਾਇ ।।

ਨਾਨਕ ਸਭੁ ਕਿਛੁ ਤੁਮਰੈ ਹਾਥ ਮੈ ਤੁਮਹੀ ਹੋਤ ਸਹਾਇ ।। (ਦੋਹਰਾ ਮਹਲਾ ੯)

ਗੁਰਬਾਣੀ ਮਹਿਜ਼ ਸਿਧਾਂਤਕ ਲਿਖਤ ਮਾਤਰ ਨਹੀਂ ਹੈ। ਇਹ ਜੀਵਨ ਦੇ ਵਿਹਾਰ ਵਿਚੋਂ ਨਿਕਲਿਆ ਅਜਿਹਾ ਮਤ ਅਤੇ ਮਾਰਗ ਹੈ ਜੋ ਮਨੁੱਖ ਨੂੰ ਖ਼ੂਬਸੂਰਤ ਅਤੇ ਆਦਰਸ਼ਕ ਸਮਾਜ ਸਿਰਜਨ ਲਈ ਪ੍ਰੇਰਿਤ ਕਰਦਾ ਹੈ। ਇਸ ਪ੍ਰਸੰਗ ਵਿਚ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਵਿਚ ਨਿਰਭੈਤਾ ਦੇ ਸੰਕਲਪ ਅਤੇ ਉਹਨਾਂ ਸ਼ਹਾਦਤ ਨੂੰ ਵਿਚਾਰਿਆ ਜਾ ਸਕਦਾ ਹੈ। ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਆਪਣੇ ਸਮੇਂ ਦੇ ਜ਼ਾਲਮਾਨਾ ਤੰਤਰ ਦੀ ਦਹਿਸ਼ਤ ਅਤੇ ਡਰ ਤੋਂ ਮੁਕਤ ਹੋ ਕੇ ਜ਼ੁਲਮ ਦੇ ਖਿਲਾਫ ਡੱਟ ਕੇ ਖੜ੍ਹਣ ਅਤੇ ਸੀਸ ਤਕ ਕੁਰਬਾਨ ਕਰਨ ਲਈ ਪ੍ਰੇਰਦੀ ਹੈ। ਉਹਨਾਂ ਦੀ ਬਾਣੀ ਮਨੁੱਖ ਨੂੰ ਪ੍ਰਭੂ ਨਾਲ ਜੋੜ ਕੇ ਇਸ ਤਰ੍ਹਾਂ ਦਾ ਜਜ਼ਬਾ ਪੈਦਾ ਕਰਦੀ ਹੈ ਕਿ ਮਨੁੱਖ ਹਰ ਪ੍ਰਕਾਰ ਦੇ ਡਰ/ਭੈ ਨੂੰ ਤੁਛ ਸਮਝਣ ਲੱਗਦਾ ਹੈ। ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਦਾ ਉਦੇਸ਼ ਮਨੁੱਖ ਨੂੰ ਗਿਆਨੀ ਬਣਾਉਣਾ ਹੈ। ਉਹਨਾਂ ਅਨੁਸਾਰ ਅਸਲੀ ਗਿਆਨੀ ਉਹ ਹੈ ਜੋ ਨਾ ਕਿਸੇ ਨੂੰ ਭੈਅ ਦਿੰਦਾ ਹੈ ਅਤੇ ਨਾ ਕਿਸੇ ਤੋਂ ਭੈਭੀਤ ਹੁੰਦਾ ਹੈ;

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ।।

ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ ।। (ਸਲੋਕ ਮਹਲਾ ੯)

ਅਜੋਕਾ ਸਮਾਜ ਨੈਤਿਕਤਾ ਦੇ ਪਤਨ ਜਿਹੇ ਸੰਕਟ ਨਾਲ ਜੂਝ ਰਿਹਾ ਹੈ। ਅਸਹਿਣਸ਼ੀਲਤਾ, ਲੋਭ ਅਤੇ ਸਵਾਰਥ ਉਸ ਨੂੰ ਸਹੀ ਮਾਰਗ ਤੋਂ ਭਟਕਾ ਰਹੇ ਹਨ। ਅਜਹੀ ਸਥਿਤੀ ਵਿਚ ਗੁਰੂ ਤੇਗ਼ ਬਹਾਦਰ ਜੀ ਵਾਰ ਵਾਰ ਮਨੁੱਖ ਨੂੰ ਵਿਕਾਰਾਂ ਤੋਂ ਬਚਣ ਤੇ ਚੰਗੇ ਗੁਣ ਧਾਰਨ ਕਰਨ ਦੀ ਪ੍ਰੇਰਣਾ ਦਿੰਦੇ ਹਨ ਤਾਂ ਜੋ ਉਹ ਆਪਣੇ ਆਲੇ ਦੁਆਲੇ ਦੇ ਸਮਾਜ ਨੂੰ ਬਿਹਤਰ ਬਣਾਉਣ ਵਿੱਚ ਯੋਗਦਾਨ ਦੇ ਸਕੇ। ਅਜਿਹੇ ਆਦਰਸ਼ਕ ਮਨੁੱਖ ਦਾ ਜ਼ਿਕਰ ਗੁਰੂ ਸਾਹਿਬ ਨੇ ਰਾਗ ਸੋਰਠਿ ਵਿਚ ਇਸ ਪ੍ਰਕਾਰ ਕੀਤਾ ਹੈ;

ਜੋ ਨਰੁ ਦੁਖ ਮੇ ਦੁਖ ਨਹੀ ਮਾਨੈ।

ਸੁਖ ਸਨੇਹ ਅਰੁ ਭੈ ਨਹੀ ਜਾ ਕੇ

ਕੰਚਨ ਮਾਟੀ ਮਾਨੈ।। ਰਹਾਉ ।।

ਨਹ ਨਿੰਦਿਆ ਨਹ ਉਸਤਤਿ ਜਾ ਕੈ

ਲੋਭ ਮੋਹੁ ਅਭਿਮਾਨਾ ।।

ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ।। ੧।। (ਸੋਰਠਿ ਮਹਲਾ ੯)

ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਨੂੰ ਜ਼ਿਆਦਾਤਰ ਵਿਦਵਾਨਾਂ ਨੇ ਵੈਰਾਗਮਈ ਆਖਿਆ ਹੈ। ਜਦੋਂ ਗੁਰੂ ਤੇਗ਼ ਬਹਾਦਰ ਬਾਣੀ ਨੂੰ ਸਮੁੱਚੇ ਰੂਪ ਵਿਚ ਵਿਚਾਰਦੇ ਹਾਂ ਤਾਂ ਪਹਿਲਾ ਵਿਚਾਰ ਇਸ ਦੀ ਵੈਰਾਗਮਈ ਸੁਰ ਹੋਣ ਦਾ ਪੈਦਾ ਹੁੰਦਾ ਹੁੰਦਾ ਹੈ।

ਜੈਸੈ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ।।

ਜਗ ਰਚਨਾ ਤੈਸੀ ਰਚੀ ਕਹੁ ਨਾਨਕ ਸੁਨਿ ਮੀਤ।।

ਜਤਨ ਬਹੁਤ ਸੁਖ ਕੇ ਕੀਏ ਦੁਖ ਕੋ ਕੀਓ ਨ ਕੋਇ

ਕਹੁ ਨਾਨਕ ਰੇ ਸੁਨਿ ਰੇ ਮਨਾ ਹਰਿ ਭਾਵੈ ਸੋ ਹੋਇ

ਜਗ ਰਚਨਾ ਸਭ ਝੂਠ ਹੈ ਜਾਨਿ ਲੇਹੁ ਰੇ ਮੀਤ।।

ਕਹਿ ਨਾਨਕ ਥਿਰ ਨ ਰਹੇ ਜਿਉ ਬਾਲੂ ਕੀ ਭੀਤਿ।। (ਸਲੋਕ ਮਹਲਾ ੯)

ਪਰ ਉਹਨਾਂ ਦੀ ਬਾਣੀ ਵਿਚ ਪੇਸ਼ ਹੋਏ ਵੈਰਾਗ ਦੀ ਸੁਰ ਨਿਰਾਸ਼ਾਮਈ ਨਹੀਂ ਬਲਕਿ ਮਨੁੱਖ ਨੂੰ ਹਰ ਸੰਕਟਮਈ ਸਥਿਤੀ ਵਿਚ ਦ੍ਰਿੜਤਾ ਨਾਲ ਡਟੇ ਰਹਿਣ ਲਈ ਪ੍ਰੇਰਦੀ ਹੈ।

ਇਸ ਪ੍ਰਕਾਰ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਇਤਿਹਾਸਕ ਦੁਸ਼ਵਾਰੀਆਂ ਅਤੇ ਜਬਰ ਨਾਲ ਦਸਤਪੰਜਾ ਲੈਣ ਵਾਲਾ ਸਾਹਿਤਕ-ਉਚਾਰ ਸਾਬਤ ਹੁੰਦਾ ਹੈ। ਜੋ ਇਤਿਹਾਸਕ ਪ੍ਰਸੰਗ ਅਤੇ ਪ੍ਰਸਥਿਤੀਆਂ ਅਨੁਕੂਲ ਪ੍ਰਗਟਾਉ-ਵਿਧੀਆਂ ਦੇ ਮਾਧਿਅਮ ਰਾਹੀਂ ਗੁਰਮਤ ਵਿਚਾਰਧਾਰਾ ਨੂੰ ਪ੍ਰਵਾਹਿਤ ਕਰਦਾ ਹੈ। ਨੈਤਿਕਤਾ ਦੀ ਪੱਧਰ 'ਤੇ ਪੱਛੜੇ ਹੋਏ ਅਤੇ ਧਾਰਮਿਕ ਸੰਪਰਦਾਇਕਤਾ ਵਾਲੇ ਅਜੋਕੇ ਦੌਰ ਵਿਚ ਗੁਰੂ ਤੇਗ਼ ਬਹਾਦਰ


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

ਜੀ ਦੇ ਜੀਵਨ ਅਤੇ ਬਾਣੀ ਤੋਂ ਸੇਧ ਲੈਣੀ ਸਮੇਂ ਦੀ ਮੰਗ ਹੈ। ਉਹਨਾਂ ਦੀ ਬਾਣੀ ਆਪਣੇ ਰਚਨਾਤਮਕ ਵਿਵੇਕ ਅਤੇ ਲੋਕਾਈ ਲਈ ਕਲਿਆਣਕਾਰੀ ਹੋਣ ਦੇ ਨਾਤੇ ਇਤਿਹਾਸਕ ਮਹੱਤਵ ਦੀ ਧਾਰਨੀ ਹੈ।

**ਹਵਾਲੇ ਅਤੇ ਟਿੱਪਣੀਆਂ :-**

1. ਡਾ. ਸੁਰਜੀਤ ਹਾਂਸ, ਗੁਰੂ ਤੇਗ਼ ਬਹਾਦਰ ਬਾਣੀ ਦਾ ਇਤਿਹਾਸਕ ਮੁੱਲ, ਗੁਰੂ ਤੇਗ਼ ਬਹਾਦਰ ਜੀਵਨ ਅਤੇ ਸਿਰਜਣਾ, (ਸੰਪਾ. ਮੋਹਨਜੀਤ ਤੇ ਸਾਬਿੰਦਰਜੀਤ ਸਾਗਰ), ਸਰਬਜੀਤ ਸਿੰਘ, ਸ਼ਬਦ ਅਤੇ ਸਮਾਜਕਤਾ, ਪੰਨਾ 76 ਤੋਂ ਉਧਰਿਤ.
2. ਇਸ ਸੰਬੰਧ ਵਿਚ ਹਰਿਭਜਨ ਸਿੰਘ ਦੀ ਪੁਸਤਕ 'ਪਤਰਾਂਜਲੀ' ਵਿਚ ਸ਼ਾਮਿਲ ਮਜ਼ਮੂਨ 'ਗੁਰੂ ਤੇਗ਼ਬਹਾਦਰ-ਬਾਣੀ: ਸਿਸਟਮ ਤੇ ਸਰਲੀਕਰਨ' ਵੇਖਿਆ ਜਾ ਸਕਦਾ ਹੈ। ਵੇਖੋ ਪੰਨੇ 14-23.
3. ਤਾਰਨ ਸਿੰਘ (ਸੰਪਾ.), ਗੁਰੂ ਤੇਗ਼ ਬਹਾਦਰ ਜੀਵਨ ਸੰਦੇਸ਼ ਤੇ ਸ਼ਹਾਦਤ, ਪੰਨੇ 261-262.
4. ਸਰਬਜੀਤ ਸਿੰਘ, ਸ਼ਬਦ ਅਤੇ ਸਮਾਜਕਤਾ, ਪੰਨੇ 77-78.
5. ਉਹੀ, ਪੰਨਾ 79.


© Copyright @ Authors